# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰੀ ਹੁਕਮ ਨੰ........238..........                                                ਮਿਤੀ 23/9/2026

ਸ੍ਰੀ ਗੁਰਪ੍ਰੀਤ ਸਿੰਘ ਸ.ਲ.ਮ (ਆਈ.ਡੀ.ਨੰ. 342859) ਪੁੱਤਰ ਸ੍ਰੀ ਜਗਦੀਸ਼ ਸਿੰਘ ਜੋ ਕਿ ਉਪ-ਮੰਡਲ ਉਤੱਰੀ, ਮੋਗਾ ਵਿਖੇ ਤੈਨਾਤ ਸੀ ਅਤੇ ਮਿਤੀ 05.01.2025 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਚੱਲਿਆ ਆ ਰਿਹਾ ਹੈ। ਕਰਮਚਾਰੀ ਨੂੰ ਡਿਊਟੀ ਤੇ ਹਾਜ਼ਰ ਹੋਣ ਲਈ ਉਪ-ਮੰਡਲ, ਉਤੱਰੀ, ਮੋਗਾ ਵੱਲੋਂ ਪੱਤਰ ਨੰ.45 ਮਿਤੀ 13.01.2025, 264 ਮਿਤੀ 27.02.2025, 1257 ਮਿਤੀ 06.08.2025 ਅਤੇ ਵਧੀਕ ਨਿਗ:ਇੰਜ:ਸਬਅਰਬਨ ਮੰਡਲ, ਮੋਗਾ ਦਫਤਰ ਵਲੋਂ ਪੱਤਰ ਨੰ:570/71 ਮਿਤੀ 31.01.2025, 1231/1232 ਮਿਤੀ 10.03.2025 ਅਤੇ 1324/25 ਮਿਤੀ 18.03.2025, 1396 ਮਿਤੀ 24.03.2025, 559 ਮਿਤੀ 25.04.2025, 3142 ਮਿਤੀ 16.06.2025, 3563 ਮਿਤੀ 03.07.2025, 3515 ਮਿਤੀ 17.07.2025, 4365 ਮਿਤੀ 06.08.2025, 4825 ਮਿਤੀ 11.09.2025, 2052 ਮਿਤੀ 06.04.2026 ਰਜਿਸਟਰਡ ਉਸਦੇ ਘਰ ਦੇ ਪਤੇ ਤੇ "ਪਿੰਡ ਚਾਂਦੀ ਵਾਲਾ, ਡਾਕਖਾਨਾ ਹੁਸੈਨੀਵਾਲਾ ਜਿਲ੍ਹਾ ਫਿਰੋਜਪੁਰ-152002" ਡਿਊਟੀ ਤੇ ਹਾਜ਼ਰ ਹੋਣ ਲਈ ਭੇਜੇ ਗਏ ਪਰੰਤੂ ਕਰਮਚਾਰੀ ਡਿਊਟੀ ਤੇ ਹਾਜ਼ਰ ਨਹੀਂ ਹੋਇਆ। ਮੰਡਲ ਦਫਤਰ ਵੱਲੋ ਆਪਣੇ ਪਿੱਠ ਅੰਕਣ ਨੰ: 571 ਮਿਤੀ 31.01.2025 ਰਾਹੀ ਸਹਾਇਕ ਇੰਜੀਨੀਅਰ ਉਪ ਮੰਡਲ, ਉਤੱਰੀ, ਮੋਗਾ ਨੂੰ ਕਰਮਚਾਰੀ ਦੇ ਗੈਰ-ਹਾਜ਼ਰ ਰਹਿਣ ਸਬੰਧੀ ਹਦਾਇਤਾਂ ਅਨੁਸਾਰ ਤੁਰੰਤ ਅਨੁਸ਼ਾਸਨੀ ਕਾਰਵਾਈ ਕਰਨ ਲਈ ਲਿਖਿਆ ਗਿਆ। ਸਹਾਇਕ ਇੰਜੀਨੀਅਰ, ਉਤੱਰੀ, ਮੋਗਾ ਵੱਲੋ ਆਪਣੇ ਪੱਤਰ ਨੰ:559 ਮਿਤੀ 25.04.2025 ਰਾਹੀਂ ਮੰਡਲ ਦਫਤਰ ਨੂੰ ਸੂਚਿਤ ਕੀਤਾ ਗਿਆ ਕਿ ਕਰਮਚਾਰੀ ਦੇ 15.01.2025 ਤੋਂ ਲਗਾਤਾਰ ਗੈਰ ਹਾਜਰ ਰਹਿਣ ਦਾ ਕਾਰਨ ਉਸਦਾ ਪੁਲਿਸ ਹਿਰਾਸਤ ਵਿੱਚ ਰਹਿਣਾ ਹੈ ਜਿਸ ਸਬੰਧੀ ਐਫ.ਆਈ.ਆਰ.0002 ਮਿਤੀ 06.01.2025 ਦੀ ਕਾਪੀ ਪੱਤਰ ਦੇ ਨਾਲ ਨੱਥੀ ਕੀਤੀ ਗਈ ਸੀ ਜਿਸ ਵਿੱਚ ਕਰਮਚਾਰੀ ਨੂੰ Narcotic Drugs and Psychotropic Subustances Act 1985 ਦੀ ਧਾਰਾ 21 ਦੇ ਤਹਿਤ ਗ੍ਰਿਫਤਾਰ ਕਰਕੇ ਪੁਲਿਸ ਹਿਰਾਸਤ (ਜੇਲ੍ਹ) (ਥਾਣਾ ਮੱਲਾਂਵਾਲਾ) ਵਿੱਚ ਲਿਆ ਹੋਇਆ ਹੈ। ਜਿਸ ਕਾਰਨ ਵਧੀਕ ਨਿਗ:ਇੰਜ:ਸਬਅਰਬਨ ਮੰਡਲ, ਮੋਗਾ ਦੇ ਦ/ਹੁ ਨੰ:116 ਮਿਤੀ 28.04.2025 ਰਾਹੀਂ ਕਰਮਚਾਰੀ ਨੂੰ ਮਿਤੀ 06.01.2025 (ਜਿਸ ਦਿਨ ਤੋਂ ਉਹ ਪੁਲਿਸ ਹਿਰਾਸਤ/ਜੇਲ੍ਹ ਵਿੱਚ ਹੈ) ਡਿਊਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਅਤੇ ਕਰਮਚਾਰੀ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕਰਨ ਲਈ ਦੋਸ਼ ਸੂਚੀ ਖਰੜਾ ਬਣਾ ਕੇ ਭੇਜਣ ਲਈ ਲਿਖਿਆ ਗਿਆ।

ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਰਕੇ ਉਪ ਮੰਡਲ, ਉਤਰੀ ਮੋਗਾ ਦੇ ਪੱਤਰ ਨੰ:643 ਮਿਤੀ 07.05.2025 ਰਾਹੀਂ ਪ੍ਰਾਪਤ ਹੋਇਆ ਦੋਸ਼ ਸੂਚੀ ਖਰੜਾ ਮੰਡਲ ਦਫਤਰ ਵਲੋਂ ਦੋਸ਼ ਸੂਚੀ ਨੰ. 06 ਮਿਤੀ 15.05.2025 ਰਾਹੀਂ ਜਾਰੀ ਕੀਤਾ ਗਿਆ ਸੀ ਜੋ ਕਿ ਉਪ ਮੰਡਲ ਅਫਸਰ ਉਤਰੀ, ਮੋਗਾ ਰਾਹੀਂ ਘਰ ਦੇ ਪਤੇ ਤੇ ਭੇਜਿਆ ਗਿਆ ਜੋ ਕਿ ਉਸਦੇ ਵੱਡੇ ਭਰਾ ਸ਼੍ਰੀ ਸਰਬਜੀਤ ਸਿੰਘ ਨੂੰ ਮਿਤੀ 16.07.2025 ਨੂੰ ਸੌਂਪ ਕੇ ਦਿੱਤੀ ਗਈ ਸੀ। ਦੋਸ਼ ਸੂਚੀ ਦਾ ਜਵਾਬ ਦੇਣ ਲਈ ਕਰਮਚਾਰੀ ਨੂੰ ਵਧੀਕ ਨਿਗ:ਇੰਜ:ਸਬਅਰਬਨ ਮੰਡਲ, ਮੋਗਾ ਵਲੋਂ ਪੱਤਰ ਨੰ:3142 ਮਿਤੀ 16.06.2025, 3563 ਮਿਤੀ 03.2025, 3515 ਮਿਤੀ 17.07.2025, 4365 ਮਿਤੀ 06.08.2025, 4825 ਮਿਤੀ 11.09.2025, ਆਖਰੀ ਨੋਟਿਸ 2052 ਮਿਤੀ 06.04.2026 ਅਤੇ ਉਪ ਮੰਡਲ, ਉਤਰੀ ਮੋਗਾ ਵਲੋਂ ਪੱਤਰ ਨੰ:1257 ਮਿਤੀ 06.08.2025 ਰਜਿਸਟਰਡ ਕਰਮਚਾਰੀ ਦੇ ਉਕਤ ਘਰ ਦੇ ਪਤੇ "ਪਿੰਡ ਚਾਂਦੀ ਵਾਲਾ, ਡਾਕਖਾਨਾ ਹੁਸੈਨੀਵਾਲਾ ਜਿਲ੍ਹਾ ਫਿਰੋਜਪੁਰ-152002" ਤੇ ਭੇਜੇ ਗਏ ਸਨ ਜਿਸ ਵਿੱਚ ਕਰਮਚਾਰੀ ਨੂੰ ਦੋਸ਼ ਸੂਚੀ ਸਬੰਧੀ ਜਵਾਬਤਲਬੀ/ਸਪਸ਼ਟੀਕਰਣ ਦੇਣ ਅਤੇ ਡਿਊਟੀ ਤੇ ਹਾਜਰ ਹੋਣ ਸਬੰਧੀ ਲਈ ਲਿਖਿਆ ਗਿਆ ਸੀ ਪਰ ਕਰਮਚਾਰੀ ਵਲੋਂ ਕਿਸੇ ਪੱਤਰ ਦਾ ਕੋਈ ਜਵਾਬ ਮੰਡਲ ਦਫਤਰ/ਉਪ ਮੰਡਲ ਵਿੱਚ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਕੋਈ ਮੇਲ ਪ੍ਰਾਪਤ ਹੋਈ, ਸੋ ਕਰਮਚਾਰੀ ਵੱਲੋਂ ਦੋਸ਼ ਸੂਚੀ ਦਾ ਕੋਈ ਵੀ ਜਵਾਬ ਪੇਸ਼ ਨਹੀਂ ਕੀਤਾ ਗਿਆ।

ਕਰਮਚਾਰੀ ਦੇ ਗੈਰ ਹਾਜਰ ਹੋਣ ਸਬੰਧੀ ਮੰਡਲ ਦਫਤਰ ਵਲੋਂ ਐਸ.ਐਸ.ਪੀ. ਜਿਲ੍ਹਾ ਫਿਰੋਜਪੁਰ ਅਤੇ ਐਸ.ਐਚ.ਓ. ਥਾਣਾ ਪੁਲਿਸ ਮੱਲਾਂਵਾਲਾ, ਜਿਲ੍ਹਾ ਫਿਰੋਜਪੁਰ ਤੋਂ ਕਰਮਚਾਰੀ ਦਾ ਮੌਜੂਦਾ ਸਟੇਟਸ ਦੱਸਣ ਸਬੰਧੀ ਪੱਤਰ ਨੰ:3512 ਮਿਤੀ 04.06.2026, 4755 ਮਿਤੀ 24.09.2025, 5382 ਮਿਤੀ 28.10.2025, 6440 ਮਿਤੀ 10.12.2025, 352 ਮਿਤੀ 14.01.2026, 1863 ਮਿਤੀ 24.03.2026, 3512 ਮਿਤੀ 04.06.2026 ਅਤੇ ਉਪ ਮੰਡਲ, ਉਤੱਰੀ ਮੋਗਾ ਵਲੋਂ ਪੱਤਰ ਨੰ:1848 ਮਿਤੀ 21.11.2025, 420 ਮਿਤੀ 12.06.2026 ਰਜਿਸਟਰਡ ਲਿਖੇ ਗਏ।

ਦੋਸ਼-ਸੂਚੀ ਦੀ ਪੜਤਾਲ ਕਰਨ ਲਈ ਮੰਡਲ ਦਫਤਰ ਦੇ ਦ/ਹੁ ਨੰ. 151 ਮਿਤੀ 01.06.2026 ਅਤੇ ਦ/ਹੁ ਨੰ:189 ਮਿਤੀ 08.07.2026 ਰਾਹੀਂ ਸਹਾਇਕ ਇੰਜੀਨੀਅਰ ਉਪ-ਮੰਡਲ ਉਤਰੀ ਮੋਗਾ ਨੂੰ ਪੜਤਾਲੀਆ ਅਫਸਰ ਵਜੋਂ ਨਿਯੁਕਤ ਕੀਤਾ ਗਿਆ। ਸਹਾਇਕ ਇੰਜੀਨੀਅਰ ਉਪ-ਮੰਡਲ ਉਤਰੀ ਮੋਗਾ ਦੇ ਪੱਤਰ ਨੰ.644 ਮਿਤੀ 17.07.2026, 688 ਮਿਤੀ 28.07.2026 ਰਾਹੀਂ ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਲਈ ਅੰਤਿਮ ਨੋਟਿਸ ਦਿਤਾ ਗਿਆ ਸੀ। ਪਰੰਤੂ ਕਰਮਚਾਰੀ ਵੱਲੋਂ ਕੋਈ ਵੀ ਜਵਾਬ ਪੇਸ਼ ਨਹੀ ਕੀਤਾ ਗਿਆ ਅਤੇ ਨਾ ਹੀ ਡਿਊਟੀ ਤੇ ਹਾਜ਼ਰ ਹੋਇਆ। ਸਹਾਇਕ ਇੰਜੀਨੀਅਰ ਉਪ-ਮੰਡਲ ਉਤਰੀ ਮੋਗਾ (ਪੜਤਾਲ ਅਫ਼ਸਰ) ਵੱਲੋ ਪੇਸ਼ ਕੀਤੀ ਪੜਤਾਲੀਆ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-

*"ਉਪ ਮੰਡਲ, ਉਤਰੀ ਮੋਗਾ ਅਤੇ ਮੰਡਲ ਦਫਤਰ ਦੇ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ: ਜਦੋ ਉਪ ਮੰਡਲ ਉਤਰੀ, ਮੋਗਾ ਵਿਖੇ ਤੈਨਾਤ ਸੀ ਤਾਂ ਕਰਮਚਾਰੀ ਮਿਤੀ 05.01.2025 ਤੋਂ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਹੋ ਗਿਆ ਸੀ ਡਿਊਟੀ ਤੇ ਹਾਜਰ ਹੋਣ ਸਬੰਧੀ ਕਰਮਚਾਰੀ ਨੂੰ ਉਪ ਮੰਡਲ, ਉਤਰੀ, ਮੋਗਾ ਵਲੋਂ ਪੱਤਰ ਨੰ:45 ਮਿਤੀ 13.01.2025, 264 ਮਿਤੀ 27.02.2025, 1257 ਮਿਤੀ 06.08.2025 ਅਤੇ ਮੰਡਲ ਦਫਤਰ ਵਲੋਂ ਪੱਤਰ ਨੰ:570/71 ਮਿਤੀ 31.01.2025, 1231/1232 ਮਿਤੀ 10.03.2025 ਅਤੇ 1324/25 ਮਿਤੀ 18.03.2025, 1396 ਮਿਤੀ 24.03.2025, 559 ਮਿਤੀ 25.04.2025, ਰਜਿਸਟਰਡ ਡਾਕ ਰਾਹੀਂ ਭੇਜੇ ਗਏ ਪਰ ਕਰਮਚਾਰੀ ਵਲੋਂ ਇਹਨਾਂ ਲਿਖੇ ਗਏ ਪੱਤਰਾਂ ਵਿਚੋਂ ਕਿਸੇ ਦਾ ਜਵਾਬ ਉਪ ਮੰਡਲ ਦਫਤਰ ਅਤੇ ਮੰਡਲ ਦਫਤਰ ਨੂੰ ਨਹੀਂ ਦਿੱਤਾ ਗਿਆ। ਉਪ ਮੰਡਲ, ਉਤਰੀ ਮੋਗਾ ਨੇ ਪੱਤਰ ਨੰ:559 ਮਿਤੀ 25.04.2025 ਰਾਹੀਂ ਮੰਡਲ ਦਫਤਰ ਨੂੰ ਕਰਮਚਾਰੀ ਦੇ ਪੁਲਿਸ ਹਿਰਾਸਤ ਵਿੱਚ ਹੋਣ ਬਾਰੇ ਸੂਚਿਤ ਕੀਤਾ ਗਿਆ ਕਿ ਕਰਮਚਾਰੀ ਵਿਰੁੱਧ ਐਫ.ਆਈ.ਆਰ.0002 ਮਿਤੀ 06.01.2025 ਦਰਜ ਹੋ ਚੁੱਕੀ ਹੈ। ਮੰਡਲ ਦਫਤਰ ਦੇ ਦ/ਹੁ ਨੰ:116 ਮਿਤੀ 28.04.2025 ਅਨੁਸਾਰ ਕਰਮਚਾਰੀ ਨੂੰ ਡਿਊਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਕਰਮਚਾਰੀ ਨੂੰ ਡਿਊਟੀ ਤੋਂ ਗੈਰ ਹਾਜਰ ਰਹਿਣ ਅਤੇ ਪੁਲਿਸ ਹਿਰਾਸਤ ਵਿੱਚ ਰਹਿਣ ਕਾਰਨ ਦੋਸ਼ ਸੂਚੀ ਨੰ:06 ਮਿਤੀ 15.05.2025 ਮੰਡਲ ਦਫਤਰ ਵਲੋਂ ਜਾਰੀ ਕੀਤੀ ਗਈ। ਇਸ ਦਫਤਰ ਦੇ ਦਫਤਰੀ ਰਿਕਾਰਡ/ਪੱਤਰਾਂ ਅਨੁਸਾਰ ਦੋਸ਼ ਸੂਚੀ ਕਰਮਚਾਰੀ ਨੂੰ ਸੌਂਪਣ ਹਿੱਤ ਉਸਦੇ ਘਰ ਦੇ ਪਤੇ ਭੇਜੀ ਗਈ ਪਰ ਕਰਮਚਾਰੀ ਦੇ ਘਰ ਵਿੱਚ ਮੌਜੂਦ ਨਾ ਹੋਣ ਕਾਰਨ ਇਹ ਉਸਦੇ ਵੱਡੇ ਭਰਾ ਵਲੋਂ ਪ੍ਰਾਪਤ ਕਰ ਲਈ ਗਈ ਸੀ ਜਿਸਦੀ ਪ੍ਰਾਪਤੀ ਰਸੀਦ ਉਸਦੇ ਵੱਡੇ ਭਰਾ ਵਲੋਂ ਦਿੱਤੀ ਗਈ ਸੀ। ਕਰਮਚਾਰੀ ਨੂੰ ਦੋਸ਼ ਸੂਚੀ ਦਾ ਜਵਾਬ ਦੇਣ ਸਬੰਧੀ ਪੱਤਰ ਨੰ:3142 ਮਿਤੀ 16.06.2025, 3563 ਮਿਤੀ 03.07.2025, 3515 ਮਿਤੀ 17.07.2025, 4365 ਮਿਤੀ 06.08.2025, 4825 ਮਿਤੀ 11.09.2025 ਰਜਿਸਟਰਡ ਡਾਕ ਰਾਹੀਂ ਉਸਦੇ ਘਰ ਦੇ ਪਤੇ ਤੇ ਭੇਜੇ ਗਏ ਪਰ ਕਰਮਚਾਰੀ ਵਲੋਂ ਨਾ ਤਾਂ ਡਿਊਟੀ ਜੁਆਇੰਨ ਕੀਤੀ ਗਈ ਹੈ ਅਤੇ ਨਾ ਹੀ ਹੁਣ ਤੱਕ ਲਿਖੇ ਗਏ ਕਿਸੇ ਵੀ ਪੱਤਰ ਦਾ ਜਵਾਬ ਦਿੱਤਾ ਗਿਆ ਹੈ ਅਤੇ ਨਾ ਹੀ ਦੋਸ਼ ਸੂਚੀ ਦਾ ਜਵਾਬ ਦਿੱਤਾ ਗਿਆ ਹੈ।*

*ਕਰਮਚਾਰੀ (ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ:) ਦੇ ਪੁਲਿਸ ਹਿਰਾਸਤ ਵਿੱਚ ਹੋਣ ਸਬੰਧੀ ਮੌਜੂਦਾ ਸਟੇਟਸ ਦੱਸਣ ਬਾਰੇ ਐਸ.ਐਸ.ਪੀ. ਜਿਲ੍ਹਾ ਫਿਰੋਜਪੁਰ ਅਤੇ ਐਸ.ਐਚ.ਓ.,ਥਾਣਾ ਪੁਲਿਸ ਮੱਲਾਂਵਾਲਾ, ਜਿਲ੍ਹਾ ਫਿਰੋਜਪੁਰ 152002 ਨੂੰ ਮੰਡਲ ਦਫਤਰ ਵਲੋਂ ਪੱਤਰ ਨੰ:3512 ਮਿਤੀ 04.06.2026, 4755 ਮਿਤੀ 24.09.2025, 5382 ਮਿਤੀ 28.10.2025, 6440 ਮਿਤੀ 10.12.2025, 352 ਮਿਤੀ 14.01.2026 ਅਤੇ 1863 ਮਿਤੀ 24.02.2026 ਰਜਿਸਟਰਡ ਲਿਖੇ ਗਏ। ਜਿਸ ਸਬੰਧੀ ਸੀਨੀਅਰ ਕਪਤਾਨ ਪੁਲਿਸ, ਫਿਰੋਜਪੁਰ ਦੇ ਮੀਮੋ ਨੰ:1449-CP ਮਿਤੀ 18.08.2026 ਰਾਹੀਂ ਪ੍ਰਾਪਤ ਹੋਈ ਸਟੇਟਸ ਰਿਪੋਰਟ ਜੋ ਮੁੱਖ ਅਫਸਰ, ਥਾਣਾ ਮੱਲਾਂਵਾਲਾ ਤੋਂ ਪ੍ਰਾਪਤ ਕੀਤੀ ਗਈ ਸੀ, ਜੋ ਕਿ ਹੇਠ ਲਿਖੇ ਅਨੁਸਾਰ ਹੈ:-*

*"ਸ਼੍ਰੀ ਮਾਨ ਜੀ,*

*ਬੇਨਤੀ ਹੈ ਕਿ ਸ਼:ਥ ਦਰਸਨ ਸਿੰਘ 287/ਫਿਰੋਜਪੁਰ ਸਮੇਤ ਸਾਥੀ ਕਰਮਚਾਰੀਆਂ ਦੇ ਇਲਾਕਾ ਥਾਣਾ ਦਾ ਰਵਾਨਾ ਸੀ ਜਦ ਪੁਲਿਸ ਪਾਰਟੀ ਡੇਰਾ ਰਾਧਾ ਸੁਆਮੀ ਮੱਲਾਂਵਾਲਾ ਪਾਸ ਮੌਜੂਦ ਸੀ ਤਾਂ ਸ਼:ਥ ਗੁਰਸਾਹਿਬ ਸਿੰਘ ਨੰਬਰ 1479/ਫਿਰੋਜਪੁਰ ਸੀ.ਆਈ.ਏ ਸਟਾਫ ਸਮੇਤ ਸਾਥੀ ਕਰਮਚਾਰੀਆਂ ਦੇ ਸ਼:ਥ ਦਰਸਨ ਸਿੰਘ ਪਾਸ ਪੁੱਜਾ ਜਿਸ ਨੇ ਸ਼:ਥ: ਦਰਸਨ ਸਿੰਘ ਪਾਸ ਇਤਲਾਹ ਦਿੱਤੀ ਕਿ ਉਸਨੂੰ ਮੁਖਬਰੀ ਮਿਲੀ ਹੈ ਕਿ ਗੁਰਪ੍ਰੀਤ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਚਾਂਦੀ ਵਾਲਾ ਥਾਣਾ ਸਦਰ ਫਿਰੋਜਪੁਰ ਅਤੇ ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਲਾਲੂ ਵਾਲਾ ਥਾਣਾ ਮੱਖੂ ਦੋਵੇ ਮਿਲ ਕੇ ਨਸੀਲੇ ਪਦਾਰਥ ਦਾ ਧੰਦਾ ਕਰਦੇ ਹਨ ਜੋ ਅੱਜ ਵੀ ਆਪਣੀ 1-20 ਕਾਰ ਨੰਬਰੀ PB-05-AT-3005 ਸਵਾਰ ਹੋ ਕੇ ਮੱਖੂ ਤੋਂ ਇਧਰ ਨੂੰ ਆ ਰਹੇ ਹਨ ਜੇਕਰ ਨਾਕਾਬੰਦੀ ਕਰਕੇ ਕਾਬੂ ਕੀਤਾ ਜਾਵੇ ਤਾਂ ਜਿਸ ਤੇ ਉਕਤ ਮੁਕਦਮਾ ਦਰਜ ਰਜਿਸਟਰ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ ਦੌਰਾਨੇ ਤਫਤੀਸ਼ ਦੋਨਾਂ ਨੂੰ ਕਾਬੂ ਕਰਕੇ 02 ਕਿਲੋ 63 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ ਦੋਸੀਆਨ ਉਕਤਾਨ ਨੂੰ*

ਗ੍ਰਿਫਤਾਰ ਕਰਕੇ ਬੰਦ ਹਵਾਲਾਤ ਥਾਣਾ ਕੀਤਾ ਗਿਆ ਮੁਕਦਮਾ ਹਜਾ ਦਾ ਚਲਾਣ ਤਿਆਰ ਕਰਕੇ ਮਿਤੀ 04.07.2025 ਨੂੰ ਪੇਸ਼ ਅਦਾਲਤ ਕੀਤਾ ਜਾ ਚੁੱਕਾ ਹੈ ਜੋ ਜੇਰ ਸਮਾਇਤ ਅਦਾਲਤ ਹੈ।"

ਰਿਪੋਰਟ ਪੇਸ਼ ਹੈ ਜੀ।

ਕਰਮਚਾਰੀ (ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ:) ਨੂੰ ਡਿਊਟੀ ਤੇ ਹਾਜਰ ਹੋਣ ਸਬੰਧੀ ਆਖਰੀ ਮੌਕਾ ਦਿੰਦੇ ਹੋਏ ਉਤਰੀ ਉਪ ਮੰਡਲ, ਮੋਗਾ ਦੇ ਮੀਮੋ ਨੰ:820 ਮਿਤੀ 18.08.2026 ਰਾਹੀਂ ਡਾਇਰੈਕਟਰ ਲੋਕ ਸੰਪਰਕ ਵਿਭਾਗ, ਪਾਵਰਕਾਮ, ਪਟਿਆਲਾ ਨਾਲ ਸੰਪਰਕ ਕਰਕੇ ਕਰਮਚਾਰੀ ਦੇ ਗੈਰ ਹਾਜਰ ਹੋਣ ਸਬੰਧੀ ਅਤੇ ਡਿਊਟੀ ਤੇ ਹਾਜਰ ਹੋਣ ਬਾਰੇ ਇੱਕ ਪਬਲਿਕ ਨੋਟਿਸ (ਪੰਜਾਬੀ ਅਤੇ ਅੰਗਰੇਜੀ ਵਿੱਚ) ਅਖਬਾਰ ਵਿੱਚ ਛਾਪਣ/ਪਬਲਿਸ਼ ਕਰਨ ਲਈ ਵੀ ਲਿਖਿਆ ਗਿਆ, ਜਿਸ ਵਿੱਚ ਕਰਮਚਾਰੀ ਨੂੰ 15 ਦਿਨਾਂ (ਸਮਾਂ 22.08.2026 ਤੋਂ 07.09.2026 ਤੱਕ) ਦੇ ਅੰਦਰ ਅੰਦਰ ਡਿਊਟੀ ਤੇ ਹਾਜਰ ਹੋਣ ਲਈ ਪਬਲਿਕ ਨੋਟਿਸ ਦਿੱਤਾ ਗਿਆ ਸੀ ਅਤੇ ਹਾਜਰ ਨਾ ਹੋਣ ਤੇ ਉਸਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਚੇਤਾਵਨੀ ਵੀ ਦਿੱਤੀ ਗਈ ਸੀ ਪਰ ਕਰਮਚਾਰੀ ਅੱਜ ਮਿਤੀ 08.09.2026 ਤੱਕ ਵੀ ਡਿਊਟੀ ਤੇ ਹਾਜਰ ਨਹੀਂ ਹੋਇਆ ਅਤੇ ਨਾ ਹੀ ਕੋਈ ਸੂਚਨਾ ਉਪ ਮੰਡਲ/ਮੰਡਲ ਦਫਤਰ ਨੂੰ ਦਿੱਤੀ ਗਈ ਹੈ।

ਕਰਮਚਾਰੀ (ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ:) ਨੂੰ ਡਿਊਟੀ ਤੋਂ ਗੈਰ ਹਾਜਰ ਹੋਇਆ (ਮਿਤੀ 15.01.2025 ਤੋਂ ਹੁਣ ਤੱਕ) ਲਗਭਗ 1 ਸਾਲ 8 ਮਹੀਨੇ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਸੋ

"ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪਰਸੋਨਲ-2 ਸ਼ਾਖਾ) ਦੇ ਪੱਤਰ ਨੰ:2/1/2017-3 ਵਿਪ੍ਰ-2/180 (ਉਪ ਸਕੱਤਰ ਸੇਵਾਵਾਂ-2, ਪਾਵਰਕਾਮ, ਪਟਿਆਲਾ ਦੇ ਮੀਮੋ ਨੰ:1046/ਆਈ.ਆਰ.ਪੀ. ਮਿਤੀ 19.10.2020 (ਨੱਥੀ) ਅਨੁਸਾਰ ਜੇਕਰ ਕੋਈ ਕਰਮਚਾਰੀ/ਅਧਿਕਾਰੀ ਬਿਨਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿੰਦਾ ਹੈ ਅਤੇ ਇਹ ਗੈਰ ਹਾਜਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵਲੋਂ ਸਰਕਾਰੀ ਸਰਵਿਸ ਤੋਂ deemed resignation ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ ਤੋਂ ਉਸਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇੰਨ ਨਹੀਂ ਕਰਵਾਇਆ ਜਾਵੇਗਾ। ਸਮੱਰਥ ਅਥਾਰਿਟੀ ਵਲੋਂ ਉਸਨੂੰ ਸਰਕਾਰੀ ਸੇਵਾ ਤੋਂ ਮੁਕਤ ਕਰਨ ਲਈ ਰੂਲਾਂ ਅਨੁਸਾਰ ਕਾਰਵਾਈ ਕਰਦੇ ਹੋਏ ਤੁਰੰਤ ਹੁਕਮ ਪਾਸ ਕੀਤੇ ਜਾਣਗੇ।"

ਸੋ ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਲਈ ਦਿੱਤਾ ਗਿਆ ਆਖਰੀ ਮੌਕੇ ਦਾ ਸਮਾਂ ਵੀ ਪੂਰਾ ਹੋ ਗਿਆ ਹੈ। ਥਾਣਾ ਮੱਲਾਂਵਾਲਾ ਤੋਂ ਪ੍ਰਾਪਤ ਹੋਈ ਸਟੇਟਸ ਰਿਪੋਰਟ ਪੱਤਰ ਨੰ:1449-CP ਮਿਤੀ 18.08.2026 ਅਨੁਸਾਰ ਕਰਮਚਾਰੀ ਪਾਸੋਂ 02 ਕਿਲੋ 63 ਗ੍ਰਾਮ ਹੈਰੋਇਨ (ਨਸ਼ੀਲਾ ਪਦਾਰਥ) ਬ੍ਰਾਮਦ ਕੀਤੀ ਗਈ ਹੈ।

ਸੋ ਦੋਸ਼ ਸੂਚੀ ਨੰ:06 ਮਿਤੀ 15.05.2025 ਵਿੱਚ ਲੱਗੇ ਦੋਸ਼ ਠੀਕ ਜਾਪਦੇ ਹਨ ਇਸ ਲਈ ਦੋਸ਼ ਸੂਚੀ ਦੇ ਅਧਾਰ ਤੇ ਅਤੇ ਉਕਤ ਪ੍ਰਾਪਤ ਹੋਈ ਰਿਪੋਰਟ ਅਤੇ ਉਪ ਸਕੱਤਰ ਸੇਵਾਵਾਂ-2, ਪਾਵਰਕਾਮ, ਪਟਿਆਲਾ ਦੇ ਮੀਮੋ ਨੰ:1046/ਆਈ.ਆਰ.ਪੀ. ਮਿਤੀ 19.10.2020 ਦੇ ਨਿਯਮਾਂ ਅਨੁਸਾਰ ਦੇ ਅਧਾਰ ਤੇ ਇੱਕਤਰਫਾ ਫੈਸਲਾ ਕਰਨ ਹਿੱਤ ਲਿਖਿਆ ਜਾਂਦਾ ਹੈ ਜੀ।"

**ਮੰਡਲ ਦਫਤਰ ਸਬਅਰਬਨ, ਮੋਗਾ ਵੱਲੋ ਆਪਣੇ ਦਫਤਰ ਦੇ ਪੱਤਰ ਨੰ:3143/44 ਮਿਤੀ 16.06.2025, 4366/67 ਮਿਤੀ 06.08.25, 4226/27 ਮਿਤੀ 11.09.2025, 2053/55 ਮਿਤੀ 06.04.2026 ਰਾਹੀ ਸਹਾਇਕ ਇੰਜੀਨੀਅਰ ਉਪ ਮੰਡਲ ਉਤਰੀ ਮੋਗਾ ਨੂੰ ਦੋਸ਼ ਸੂਚੀ ਸਬੰਧੀ ਟਿੱਪਣੀ ਭੇਜਣ ਲਈ ਲਿਖਿਆ ਗਿਆ । ਸਹਾਇਕ ਕਾਰਜਕਾਰੀ ਇੰਜ:ਉਪ ਮੰਡਲ ਉਤਰੀ ਮੋਗਾ ਵਲੋ ਅਪਣੇ ਪੱਤਰ ਨੰ:1026 ਮਿਤੀ 18.09.2026 ਰਾਹੀਂ ਐਨੋਟੇਟਿਡ ਪ੍ਰੋਫਾਰਮੇ ਉਤੇ ਕੀਤੀ ਗਈ ਟਿੱਪਣੀ ਅਨੁਸਾਰ ਲਿਖਿਆ ਗਿਆ ਹੈ ਕਿ**

"ਕਰਮਚਾਰੀ ਸ੍ਰੀ ਗੁਰਪ੍ਰੀਤ ਸਿੰਘ ਮਹਿਕਮੇ ਅਧੀਨ ਸੀ.ਆਰ.ਏ. ਨੰ:299/2022 ਰਾਹੀਂ ਬਤੌਰ ਸ:ਲ:ਮ: ਨਿਯੁਕਤ ਹੋਇਆ ਸੀ। ਕਰਮਚਾਰੀ ਵਲੋਂ ਇਸ ਉਪ ਮੰਡਲ, ਅਧੀਨ ਮਿਤੀ 21.04.2023 ਨੂੰ ਦੁ:ਪ: ਜੁਆਇੰਨ ਕਰ ਲਿਆ ਗਿਆ ਸੀ ਉਪਰੰਤ ਕਰਮਚਾਰੀ ਇਸ ਦਫਤਰ ਤੋਂ ਬਿਨਾਂ ਕਿਸੇ ਸੂਚਨਾ ਤੋਂ ਮਿਤੀ 05.01.2025 ਤੋਂ ਡਿਊਟੀ ਤੋਂ ਗੈਰ ਹਾਜਰ ਹੋ ਗਿਆ ਸੀ । ਡਿਊਟੀ ਤੇ ਹਾਜਰ ਹੋਣ ਅਤ ਦੋਸ਼ ਸੂਚੀ ਦਾ ਜਵਾਬ ਦੇਣ ਸਬੰਧੀ ਇਸ ਦਫਤਰ ਵਲੋਂ ਕਰਮਚਾਰੀ ਨਾਲ ਕਾਫੀ ਪੱਤਰ ਵਿਹਾਰ ਕੀਤਾ ਗਿਆ ਜਿਸਦਾ ਵੇਰਵਾ ਇੰਨਕੁਆਰੀ ਰਿਪੋਰਟ ਵਿੱਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਪਰ ਕਰਮਚਾਰੀ ਵਲੋਂ ਇਹਨਾਂ ਲਿਖੇ ਗਏ ਕਿਸੇ ਪੱਤਰ ਦਾ ਜਵਾਬ ਇਸ ਦਫਤਰ ਨੂੰ ਨਹੀਂ ਦਿੱਤਾ ਗਿਆ। ਕਰਮਚਾਰੀ ਨੂੰ ਆਖਰੀ ਮੌਕਾ ਦਿੰਦੇ ਹੋਏ ਇਸ ਦਫਤਰ ਵਲੋਂ ਡਾਇਰੈਕਟਰ ਲੋਕ ਸੰਪਰਕ ਵਿਭਾਗ, ਪਟਿਆਲਾ ਰਾਹੀਂ ਅਖਬਾਰ ਰਾਹੀਂ ਵੀ ਪਬਲਿਕ ਨੋਟਿਸ ਦਿੰਦੇ ਹੋਏ ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਲਈ 15 ਦਿਨਾਂ ਦਾ ਨੋਟਿਸ ਦਿੱਤਾ ਗਿਆ ਪਰ ਕਰਮਚਾਰੀ ਡਿਊਟੀ ਤੇ ਹਾਜਰ ਨਹੀਂ ਹੋਇਆ ਸੋ ਇਸ ਦਫਤਰ ਦੇ ਪੱਤਰ ਨੰ:984 ਮਿਤੀ 08.09.2026 ਰਾਹੀਂ ਭੇਜੀ ਗਈ ਇੰਨਕੁਆਰੀ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਇਕਤਰਫਾ ਫੈਸਲਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।"

ਸੋ ਇਸ ਦਫਤਰ ਦੇ ਦ/ਹੁ ਨੰ:189 ਮਿਤੀ 108.07.2026 ਰਾਹੀਂ ਨਿਯੁਕਤ ਕੀਤੇ ਗਏ ਇੰਨਕੁਆਰੀ ਅਫਸਰ ਇੰਜ:ਸਵਰਨ ਸਿੰਘ ਏਈ ਵਲੋਂ ਕੀਤੀ ਗਈ ਇੰਨਕੁਆਰੀ ਰਿਪੋਰਟ ਅਨੁਸਾਰ ਦੋਸ਼ ਸੂਚੀ ਨੰ:6 ਮਿਤੀ 15.05.2025 ਵਿੱਚ ਲੱਗੇ

ਦੋਸ਼ ਸਹੀ ਹਨ । ਦੋਸ਼ ਸੂਚੀ/ਐਨੋਟੇਟਿਡ ਦੇ ਅਧਾਰ ਤੇ ਅਤੇ ਇੰਨਕੁਆਰੀ ਅਫਸਰ ਉਪ ਮੰਡਲ ਉਤਰੀ ਮੋਗਾ ਪਾਸੋਂ ਕੀਤੀ ਗਈ ਇੰਨਕੁਆਰੀ ਨਾਲ ਨਿਮਨਹਸਤਾਖਰ ਸਹਿਮਤ ਹੈ ।

ਉਪਰੋਕਤ ਪੜਤਾਲ ਰਿਪੋਰਟ ਤੋਂ ਇਹ ਸਾਫ ਜਾਹਿਰ ਹੈ ਕਿ ਕਰਮਚਾਰੀ ਡਿਊਟੀ ਤੋਂ ਗੈਰ ਹਾਜਰ ਹੋ ਕੇ ਗੈਰ ਕਾਨੂੰਨੀ ਗਤੀਵਿਧੀਆਂ ਕਰ ਰਿਹਾ ਹੈ ਜੋ ਕਿ ਇੱਕ ਸਰਕਾਰੀ ਮੁਲਾਜਮ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਨੂੰ ਆਕਰਸ਼ਿਤ ਕਰਦੀਆਂ ਹਨ।

ਕਰਮਚਾਰੀ ਮਿਤੀ 05.01.2025 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜਰ ਚੱਲ ਰਿਹਾ ਹੈ। ਕਰਮਚਾਰੀ ਨੂੰ ਦੁਬਾਰਾ ਸੇਵਾ ਜੁਆਇੰਨ ਕਰਨ ਦਾ ਪੂਰਾ ਮੌਕਾ ਸਬੰਧਤ ਮੰਡਲ ਦਫਤਰ ਅਤੇ ਉਪ ਮੰਡਲ ਵੱਲੋਂ ਦਿਤਾ ਗਿਆ ਹੈ। ਇਸ ਤੋ ਇਲਾਵਾ ਇੰਨਕੁਆਰੀ ਅਫਸਰ ਸਹਾਇਕ ਇੰਜੀਨੀਅਰ ਉਪ ਮੰਡਲ ਉਤਰੀ ਮੋਗਾ ਵੱਲੋ ਆਪਣੇ ਪੱਤਰ ਨੰ: 820 ਮਿਤੀ 18.08.2026 ਰਾਹੀਂ ਲੋਕ ਸੰਪਰਕ ਵਿਭਾਗ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ, ਪਟਿਆਲਾ ਰਾਹੀ ਪਬਲੀਕੇਸ਼ਨ ਲਈ ਪਬਲਿਕ ਨੋਟਿਸ ਪੰਜਾਬੀ ਅਤੇ ਅੰਗਰੇਜ਼ੀ ਅਖਬਾਰ ਵਿੱਚ ਛਪਵਾਉਣ ਲਈ ਲਿਖਿਆ ਗਿਆ। ਇਹ ਪਬਲਿਕ ਨੋਟਿਸ ਮਿਤੀ 22.08.2026 ਨੂੰ 4 ਵੱਖ ਵੱਖ ਅਖਬਾਰਾਂ (ਦੈਨਿਕ ਸਵੇਰਾ, ਰੋਜਾਨਾ ਚੜ੍ਹਦੀਕਲਾ, ਪੰਜਾਬੀ ਟ੍ਰਿਬਿਊਨ, Hindustan Times) ਵਿੱਚ ਪ੍ਰਕਾਸ਼ਿਤ ਕੀਤਾ ਗਿਆ ਪਰੰਤੂ ਕਰਮਚਾਰੀ ਨੇ ਡਿਊਟੀ ਜੁਆਇੰਨ ਨਹੀਂ ਕੀਤੀ ਅਤੇ ਨਾ ਹੀ ਕਰਮਚਾਰੀ ਦੇ ਪਰਿਵਾਰ ਵਲੋਂ ਸਬੰਧਤ ਦਫਤਰ ਵਿਚ ਆ ਕੇ ਕੋਈ ਬੇਨਤੀ ਪੱਤਰ ਦਿਤਾ ਅਤੇ ਨਾ ਹੀ ਉਸ ਵੱਲੋ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਸੋ ਉਪਰੋਕਤ ਪੜਤਾਲ ਰਿਪੋਰਟ ਅਤੇ ਤੱਥਾਂ ਤੋਂ ਸਪੱਸ਼ਟ ਹੈ ਕਿ ਕਰਮਚਾਰੀ ਮਿਤੀ 05.01.2025 ਤੋਂ ਲਗਾਤਾਰ ਗੈਰ ਹਾਜਰ ਚਲ ਰਿਹਾ ਹੈ। ਇਸ ਕਰਕੇ PSEB ਦੇ Main Service Regulations, 1972 Volume -1 Part-1 ਦੇ Rule 3.22 ਅਤੇ PSEB ਦੇ Employees Punishments & Appeal Regulations, 1971 ਦੇ ਵਿਨਿਯਮ 5 ਦੇ ਨਿਯਮ (V to IX) ਦੇ ਤਹਿਤ ਕਰਮਚਾਰੀ ਸ੍ਰੀ ਗੁਰਪ੍ਰੀਤ ਸਿੰਘ ਸ.ਲ.ਮ. (ਆਈ.ਡੀ.ਨੰ. 342859) ਪੁੱਤਰ ਸ੍ਰੀ ਜਗਦੀਸ਼ ਸਿੰਘ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਨੰ:06 ਮਿਤੀ 15.05.2025 ਦਾ ਫੈਸਲਾ ਨਿਮਨਹਸਤਾਖਰ ਵਲੋਂ ਸਮੱਰਥ ਅਧਿਕਾਰੀ ਹੁੰਦਿਆ ਹੋਇਆ ਕਰਦੇ ਹੋਏ ਉਸਨੂੰ ਮਿਤੀ 23.09.2026 ਤੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆ ਸੇਵਾਵਾ ਤੋ ਬਰਖਾਸਤ (Removal from service) ਕੀਤਾ ਜਾਂਦਾ ਹੈ।

ਕਰਮਚਾਰੀ ਦੇ ਸੇਵਾ-ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1 | ਕਰਮਚਾਰੀ ਦਾ ਨਾਮ ਅਤੇ ਆਹੁਦਾ | ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ: |
| 2 | ਪਿਤਾ ਦਾ ਨਾਮ | ਸ੍ਰੀ ਜਗਦੀਸ਼ ਸਿੰਘ |
| 3 | ਜਨਮ ਮਿਤੀ | 15.01.1998 |
| 4 | ਬੋਰਡ ਵਿਚ ਭਰਤੀ ਦੀ ਮਿਤੀ ਬਤੌਰ ਸ.ਲ.ਮ. | 21.04.2023 ਦੁ: ਬਾ |
| 5 | ਆਈ.ਡੀ.ਨੰ. | 342859 |
| 6 | ਘਰ ਦਾ ਪਤਾ | ਪਿੰਡ ਚਾਂਦੀ ਵਾਲਾ, ਡਾਕਖਾਨਾ ਹੁਸੈਨੀਵਾਲਾ ਜਿਲ੍ਹਾ ਫਿਰੋਜਪੁਰ-152002 |

ਵਧੀਕ ਨਿਗਰਾਨ ਇੰਜੀਨੀਅਰ,
ਸਬਅਰਬਨ ਮੰਡਲ, ਮੋਗਾ

ਪਿੱਠ ਅੰਕਣ ਨੰ: 5463/5474 ਮਿਤੀ: 23/9/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ, ਐਚ.ਆਰ.ਡੀ. ਪੀ.ਐਸ.ਪੀ.ਸੀ.ਐਲ, ਪਟਿਆਲਾ
2) ਮੁੱਖ ਇੰਜੀਨੀਅਰ, (ਵੰਡ) ਪੱਛਮ, ਜੋਨ ਪੀ.ਐਸ.ਪੀ.ਸੀ.ਐਲ, ਬਠਿੰਡਾ

ਉਪ ਮੁੱਖ ਇੰਜ: ਪ੍ਰਸੋਨਲ ਪੀ.ਐਸ.ਪੀ.ਸੀ.ਐਲ ਪਟਿਆਲਾ

4) ਉਪ-ਮੁੱਖ ਇੰਜ: ਆਈ.ਟੀ., ਪੀ.ਐਸ.ਪੀ.ਸੀ.ਐਲ, ਪਟਿਆਲਾ

5) ਉਪ-ਮੁੱਖ ਇੰਜ: ਵੰਡ ਹਲਕਾ, ਪੀ.ਐਸ.ਪੀ.ਸੀ.ਐਲ, ਫਰੀਦਕੋਟ

6) ਮੰਡਲ ਸੁਪਰਡੈਂਟ (ਲੇਖਾ) ਸਬਅਰਬਨ ਮੰਡਲ ਮੋਗਾ

7) ਸਮੂਹ ਸਹਾਇਕ ਇੰਜੀਨੀਅਰ ਅਧੀਨ ਸਬਅਰਬਨ ਮੰਡਲ ਮੋਗਾ

8) ਸ੍ਰੀ ਗੁਰਪ੍ਰੀਤ ਸਿੰਘ ਸ:ਲ:ਮ: ਪੁੱਤਰ ਸ੍ਰੀ ਜਗਦੀਸ਼ ਸਿੰਘ ਪਿੰਡ ਚਾਂਦੀ ਵਾਲਾ, ਡਾਕਖਾਨਾ ਹੁਸੈਨੀਵਾਲਾ ਜਿਲ੍ਹਾ ਫਿਰੋਜਪੁਰ-152002

23/9/26

ਵਧੀਕ ਨਿਗਰਾਨ ਇੰਜੀਨੀਅਰ,
ਸਬਅਰਬਨ ਮੰਡਲ, ਮੋਗਾ